**ਨਮੂਨੇ ਦਾ ਪ੍ਰਸ਼ਨ-ਪੱਤਰ**

**ਸ਼੍ਰੇਣੀ ਦਸਵੀਂ**

**ਪੰਜਾਬੀ ਬੀ**

**(ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀਆਂ ਲਈ)**

**ਸਮਾਂ: 3 ਘੰਟੇ**

**ਲਿਖਤੀ : 65 ਅੰਕ**

**ਆਂਤਰਿਕ ਮੁਲਾਕਣ: 10 ਅੰਕ**

**ਕੁੱਲ: 75 ਅੰਕ**

ਵਸਤੂਨਿਸ਼ਠ ਪ੍ਰਸ਼ਨ:- 2x15=30

1. ਪੰਜਾਬੀ ਬੋਲੀ ਨੂੰ ਕਿੰਨੇ ਲੋਕ ਬੋਲਦੇ ਹਨ?

    ੳ. 6 ਕਰੋੜ ਤੋਂ ਵੱਧ

    ਅ. 11 ਕਰੋੜ ਤੋਂ ਵੱਧ

    ੲ. 5 ਕਰੋੜ ਤੋਂ ਵੱਧ

    ਸ. 10 ਕਰੋੜ ਤੋਂ ਵੱਧ

2. ਕਿਹੜਾ ਸ਼ਬਦ 'ਪੁਰਸ਼' ਸ਼ਬਦ ਦਾ ਸਮਾਨਾਰਥੀ ਨਹੀ?

    ੳ. ਮਰਦ

    ਅ. ਆਦਮੀ

    ੲ. ਇਸਤਰੀ

    ਸ. ਨਰ

3. ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?

    ੳ. ਦੁਆਬੀ

    ਅ. ਪੁਆਧੀ

    ੲ. ਮਲਵਈ

    ਸ. ਮਾਝੀ

4. ਜਦੋਂ ਕਿਰਿਆ ਦਾ ਕੰਮ ਆਉਣ ਵਾਲੇ ਸਮੇਂ ਵਿੱਚ ਹੋਣਾ ਹੋਵੇ ਤਾਂ ਉਸ ਨੂੰ ਕੀ ਕਹਿੰਦੇ ਹਨ?

ੳ. ਵਰਤਮਾਨ – ਕਾਲ

ਅ. ਭਵਿਖਤ – ਕਾਲ

ੲ. ਭੂਤ – ਕਾਲ

ਸ. ਇਹਨਾਂ ਵਿੱਚੋਂ ਕੋਈ ਵੀ ਨਹੀਂ

5. 'ਉਡੀਕ - ਉਡੀਕ ਕੇ ਬੁੱਢੇ ਹੋ ਜਾਣਾ' ਦਾ ਅਰਥ ਹੈ:

ੳ. ਵਾਲ਼ ਸਫ਼ੈਦ ਹੋਣਾ

ਅ. ਉਠੱਣ – ਬੈਠਣ ਦੀ ਹਿੰਮਤ ਨਾ ਰਹਿਣੀ

ੲ. ਬਹੁਤ ਯਾਦ ਕਰਨਾ

ਸ. ਇਹਨਾਂ ਵਿੱਚੋਂ ਕੋਈ ਵੀ ਨਹੀਂ। 2x5=10

ਖਾਲੀ ਥਾਂਵਾਂ ਭਰੋ:--

6. ਵਿਆਕਰਨ ਦੇ ਜਿਸ ਭਾਗ ਅਧੀਨ ਵਾਕਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ .............. ਕਹਿੰਦੇ ਹਨ। (ਸ਼ਬਦ – ਬੋਧ, ਵਾਕ – ਬੋਧ)

7. ................. ਅੱਖਰ ਉੱਤੇ ਹੋੜਾ ਪਾਉਣ ਲਈ ਉਸ ਦਾ ਮੂੰਹ ਉੱਪਰੋਂ ਖੁੱਲ੍ਹਾ ਰੱਖਿਆ ਜਾਂਦਾ ਹੈ। (ੳ,ਅ)

8. ਕੱਪੜਾ, ਪਾਣੀ, ਪੱਥਰ, ਦੁੱਧ ਅਤੇ ਖੰਡ ਆਦਿ ਸ਼ਬਦ ............. ਨਾਂਵ ਹਨ। ( ਇਕੱਠਵਾਚਕ, ਵਸਤੂਵਾਚਕ)

9. 'ਅਹੁ ਸਾਡਾ ਘਰ ਹੈ।' ਵਾਕ ਵਿੱਚ ................ ਵਿਸ਼ੇਸ਼ਣ ਦੀ ਵਰਤੋਂ ਹੋਈ ਹੈ। (ਦੂਰਵਰਤੀ ਨਿਸ਼ਚੇਵਾਚਕ, ਨਿਕਟਵਰਤੀ ਨਿਸ਼ਚੇਵਾਚਕ)

10. 'ਸੰਘਣਾ' ਸ਼ਬਦ ਦਾ ਵਿਰੋਧਾਰਥਕ ਸ਼ਬਦ ................ ਹੁੰਦਾ ਹੈ। (ਗਾੜ੍ਹਾ, ਵਿਰਲਾ) 2x5=10

ਹੇਠ ਲਿਖਿਆਂ ਵਿੱਚੋਂ ਕਿਹੜੇ ਕਥਨ ਸਹੀ ਹਨ ਤੇ ਕਿਹੜੇ ਗ਼ਲਤ:

11. 'ਸਾਈਕਲ' ਅਤੇ 'ਅਖਬਾਰ' ਅਜਿਹੇ ਸ਼ਬਦ ਹਨ ਜਿਸ ਨੂੰ ਕੁਝ ਲੋਕ ਪੁਲਿੰਗ ਸਮਝਦੇ ਹਨ ਤੇ ਕੁਝ ਇਸਤਰੀ – ਲਿੰਗ।

12. 'ਮੈਂ ਫ਼ੁਟਬਾਲ ਖੇਡਾਂਗਾ।' ਵਾਕ ਵਰਤਮਾਨ – ਕਾਲ ਨਾਲ਼ ਸੰਬੰਧਿਤ ਹੈ।

13. 'ਸੱਜਣ' ਸ਼ਬਦ ਦਾ ਵਿਰੋਧੀ ਸ਼ਬਦ 'ਦੁਰਜਨ' ਹੁੰਦਾ ਹੈ।

14. 'ਸਬਰ' ਤੇ 'ਤ੍ਰਿਪਤੀ' ਸ਼ਬਦ 'ਸੰਤੋਖ' ਸ਼ਬਦ ਦੇ ਸਮਾਨਾਰਥੀ ਸ਼ਬਦ ਹਨ।

15. 'ਘੋੜਾ' ਸ਼ਬਦ ਬਹੁਵਚਨ ਹੈ। 2x5=10

16. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੀਆਂ ਰੂਪ – ਰੇਖਾਵਾਂ ਅਨੁਸਾਰ ਖਾਲੀ ਥਾਂਵਾਂ ਭਰ ਕੇ ਦੁਬਾਰਾ ਲਿਖੋ: 8x1=8

ੳ. ਕਰਤਾਰ ਸਿੰਘ ਸਰਾਭਾ

ਕਰਤਾਰ ਸਿੰਘ ਸਰਾਭਾ ਇੱਕ ਅਜਿਹਾ ............... ਸੀ, ਜਿਸ ਨੇ ਦੇਸ ਨੂੰ ............. ਕਰਵਾਉਣ ਲਈ ਉੱਨੀ ਸਾਲ ਦੀ ਉਮਰ ਵਿੱਚ ............... ਦਾ ਰੱਸਾਂ ਚੁੰਮਿਆ। ਕਰਤਾਰ ਸਿੰਘ ਸਰਾਭਾ ਦਾ ਜਨਮ .................... ਵਿੱਚ ਹੋਇਆ। ਉਸ ਨੇ ਮੁਢਲੀ ................ ਆਪਣੇ ਪਿੰਡ ਵਿੱਚ ਹੀ ਪ੍ਰਾਪਤ ਕੀਤੀ। ਦਸਵੀਂ ਪਾਸ ਕਰਨ ਉਪਰੰਤ ਉਹ ................... ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨ ਲਈ ਚਲਾ ਗਿਆ।

ਕਰਤਾਰ ਸਿੰਘ ਸਰਾਭਾ ਇੱਥੇ ਭਾਰਤੀਆਂ ਵੱਲੋਂ ਬਣਾਈ .................. ਪਾਰਟੀ ਵਿੱਚ ਸ਼ਾਮਲ ਹੋ ਗਿਆ। ਗ਼ਦਰ ਪਾਰਟੀ ਦਾ ਉਦੇਸ਼ ................ ਨੂੰ ਭਾਰਤ ਵਿੱਚੋਂ ਕੱਢਣ ਲਈ ਭਾਰਤ ਵਿੱਚ ........................ ਕਰਨਾ ਸੀ।

ਵਿਦਰੋਹ ਦੀ ਇਹ ................. ਪਾਰਟੀ ਵਿੱਚ ਆ ਵੜੇ ਇੱਕ ਪੁਲਿਸ-ਮੁਖਬਰ ਕਾਰਨ ................. ਹੋ ਗਈ। ਜਿਸ ਦੇ ਸਿੱਟੇ ਵਜੋਂ ਕਈ ਦੇਸ – ਭਗਤਾਂ ਸਮੇਤ ਕਰਤਾਰ ਸਿੰਘ ਸਰਾਭਾ ਨੂੰ 16 ਨਵੰਬਰ, 1915 ਈ. ਨੂੰ ................. ਦੇ ਦਿੱਤੀ ਗਈ।

ਕਰਤਾਰ ਸਿੰਘ ਸਰਾਭਾ ਇੱਕ ਪੱਕਾ .................. ਸੀ। ਉਹ ਬੜਾ ਦ੍ਰਿੜ ................... ਵਾਲ਼ਾ ਮਨੁੱਖ ਸੀ। ਅਜਿਹੇ ਦੇਸ਼ – ਭਗਤਾਂ ਦੀਆਂ .................. ਸਦਕਾ ਭਾਰਤ 15 ਅਗਸਤ, 1947 ਈ. ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ .................. ਹੋ ਗਿਆ। 1/2x16=8

ਜਾਂ

(ਅ.) ਨਸ਼ਾ ਨਾਸ ਕਰਦਾ ਹੈ

ਨਸ਼ੀਲੇ ਪਦਾਰਥਾਂ ਦੇ ਸੇਵਨ ਨਾਲ਼ ਮਨੁੱਖ ਦਾ ਨਾੜੀ – ਤੰਤਰ ................. ਹੁੰਦਾ ਹੈ ਅਤੇ ਉਹ ਕੁਝ ਸਮੇਂ ਲਈ ਅਨੰਦ .................. ਕਰਦਾ ਹੈ। ਪਰ ਨਸ਼ਾ ਉਤਰ ਜਾਣ ਪਿੱਛੋਂ ਉਸ ਨੂੰ ਫਿਰ .................. ਪਦਾਰਥਾਂ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਤਰ੍ਹਾਂ ਉਹ ਨਸ਼ਿਆਂ ਦਾ ................... ਹੋ ਜਾਂਦਾ ਹੈ।

ਅੱਜ ਦੀ ................ ਪੀੜ੍ਹੀ ਨਸ਼ਿਆਂ ਵਿੱਚ ਗਰਕਦੀ ਜਾ ਰਹੀ ਹੈ। ਬਹੁਤੇ ਨੌਜਵਾਨ ਆਪਣੇ ਦੋਸਤਾਂ - ਮਿੱਤਰਾਂ ਨੂੰ ਦੇਖ ਕੇ ਜਾਂ ਉਹਨਾਂ ਦੇ ਕਹਿਣ ਉੱਤੇ ................... ਕਰਦੇ ਹਨ ਅਤੇ ਹੌਲ਼ੀ-ਹੌਲ਼ੀ ਇਸ ਦੇ .................. ਬਣ ਜਾਂਦੇ ਹਨ। ਮਿਹਨਤੀ ਅਤੇ ਪੜ੍ਹੇ - ਲਿਖੇ ਯੋਗ ਨੌਜਵਾਨ ਜਦੋਂ ਭ੍ਰਿਸ਼ਟਾਚਾਰ ਕਾਰਨ .................. ਅਹੁਦੇ ਨਹੀਂ ਪ੍ਰਾਪਤ ਕਰ ਸਕਦੇ ਤਾਂ ਨਿਰਾਸ਼ਾ ਤੋਂ .................. ਪ੍ਰਾਪਤ ਕਰਨ ਲਈ ਨਸ਼ੇ ਕਰਨ ਲੱਗ ਜਾਂਦੇ ਹਨ।

ਨਸ਼ਾ ਕਰਨ ਵਾਲ਼ੇ ਲੋਕ ਕਈ ਕਿਸਮ ਦੀਆਂ ਨਾਮੁਰਾਦ ............... ਨੂੰ ਵੀ ਸੱਦਾ ਦਿੰਦੇ ਹਨ। ਭਾਵੇਂ ਸਰਕਾਰ ............... ਨੂੰ ਖ਼ਤਮ ਕਰਨ ਲਈ ਕਿਸਮ ਦੀਆਂ ਨਾਮੁਰਾਦ ............. ਨੂੰ ਵੀ ਸੱਦਾ ਦਿੰਦੇ ਹਨ। ਭਾਵੇਂ ਸਰਕਾਰ ................ ਨੂੰ ਖ਼ਤਮ ਕਰਨ ਲਈ ਯਤਨ ਕਰ ਰਹੀ ਹੈ ਪਰ ਸਮਾਜ ਨੂੰ ਨਸ਼ਾ ................... ਕਰਨ ਲਈ ਹੋਰ ਵਧੇਰੇ ਸੁਹਿਰਦ ..................... ਦੀ ਜ਼ਰੂਰਤ ਹੈ।

ਸਕੂਲਾਂ ਵਿੱਚ ਵੀ ਨੈਤਿਕ ................ ਉੱਪਰ ਵਧੇਰੇ ਜੋਰ ਦੇਣਾ ਚਾਹੀਦਾ ਹੈ ਅਤੇ ਨਸ਼ਾ – ਵਿਰੋਧੀ ...................... ਬਣਾ ਕੇ ਨਸ਼ਿਆਂ ਵਿਰੁੱਧ ਜਾਗਰੂਕਤਾ ................. ਦਾ ਯਤਨ ਕਰਨਾ ਚਾਹੀਦਾ ਹੈ।

1/2x16 = 8

17. ਆਪਣੇ ਗੂੜ੍ਹੇ ਮਿੱਤਰ / ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਦਿਲਚਸਪੀ ਲਵੇ।

2+4+1=7

ਜਾਂ

ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖੋ ਜਿਸ ਵਿੱਚ ਮੈਰਿਜ – ਪੈਲਿਸਾਂ ਵਿੱਚ ਉੱਚੀ ਅਵਾਜ਼ ਵਿੱਚ ਡੀ.ਜੇ/ਸਾਊਂਡ – ਸਿਸਟਮ ਵਜਾਉਣ ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਹੋਵੇ। 2+4+1=7

18. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ? ਉਹਨਾਂ ਦੇ ਨਾਂ ਲਿਖੋ।

ਜਾਂ

ਕਿਰਿਆ – ਵਿਸ਼ੇਸ਼ਣ ਕਿਸ ਨੂੰ ਆਖਦੇ ਹਨ? ਉਦਾਹਰਨਾਂ ਸਹਿਤ ਸਪਸ਼ਟ ਕਰੋ। 5x1=5

19. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

ਗੱਲ – ਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵੱਲੋਂ ਬਖਸ਼ਿਆ ਇੱਕ ਵਰਦਾਨ ਹੈ ਅਤੇ ਜਾਨਵਰ – ਜਗਤ ਵਿੱਚੋਂ ਇਹ ਤੋਹਫ਼ਾ ਮਨੁੱਖ ਦੇ ਹੀ ਹਿੱਸੇ ਆਇਆ ਹੈ। ਉਂਞ , ਜਾਨਵਰ ਵੀ ਵੱਖ – ਵੱਖ ਤਰ੍ਹਾਂ ਦੀਆਂ ਅਵਾਜ਼ਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ।

ਤੁਸੀਂ ਕਿਵੇਂ ਗੱਲ – ਬਾਤ ਕਰਦੇ ਹੋ, ਯਾਨੀ ਤੁਹਾਡੀ ਗੱਲ ਕਰਨ ਦਾ ਅੰਦਾਜ ਤੇ ਲਹਿਜਾ ਕਿਹੋ – ਜਿਹਾ ਹੈ, ਇਸ ਦਾ ਤੁਹਾਡੇ ਸਮਾਜਿਕ ਜੀਵਨ' ਤੇ ਸਿੱਧਾ ਪ੍ਰਭਾਵ ਪੈਂਦਾਂ ਹੈ, ਕਿਉਂਕਿ ਬੋਲ – ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ। ਗੱਲ – ਬਾਤ ਰਾਹੀਂ ਕਈ ਸੱਮਸਿਆਵਾਂ ਹੱਲ ਹੁੰਦੀਆਂ ਹਨ ਅਤੇ ਸਭ ਤੋਂ ਵੱਧ ਦਿਮਾਗੀ ਭਾਰ ਹੌਲਾ ਹੁੰਦਾ ਹੈ। ਇਹੋ ਕਾਰਨ ਹੇ ਕਿ ਵਿਚਾਰਾਂ ਦੇ ਲੈਣ – ਦੇਣ ਨਾਲ ਮਨੁੱਖ ਆਪਣੇ – ਆਪ ਨੂੰ ਹਲਕਾ – ਫੁਲਕਾ ਮਹਿਸੂਸ ਕਰਦਾ ਹੈ।

ਪ੍ਰਸ਼ਨ :

ੳ. ਜਾਨਵਰ – ਜਗਤ ਵਿੱਚੋਂ ਮਨੁੱਖੀ ਨਸਲ ਲਈ ਕੁਦਰਤ ਨੇ ਕੀ ਵਰਦਾਨ ਬਖਸ਼ਿਆ ਹੈ? 3

ਅ. ਜਾਨਵਰ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕਿਵੇਂ ਕਰਦੇ ਹਨ? 3

ੲ. ਤੁਹਾਡੇ ਗੱਲ ਕਰਨ ਦੇ ਅੰਦਾਜ ਦਾ ਤੁਹਾਡੇ ਸਮਾਜਿਕ ਜੀਵਨ ਤੇ ਕੀ ਪ੍ਰਭਾਵ ਪੈਂਦਾ ਹੈ? 3

3+3+3=9

21. ੳ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:

ਕੀਤੇ ਨੂੰ ਜਾਣਨ ਵਾਲਾ

ਜਾਂ

ਉਲਟਾ ਨੁਕਸਾਨ ਪਹੁੰਚਾਉਣ ਵਾਲ਼ਾ 3

ਅ. 'ਅਲੌਕਿਕ' ਜਾਂ 'ਆਦਰ' ਸ਼ਬਦ ਦਾ ਕੋਈ ਇੱਕ ਸਮਾਨਾਰਥੀ ਸ਼ਬਦ ਲਿਖੋ। 3

3x2 = 6